148

ਨੰ: ਐਸ.ਸੀ.ਐਸ.ਪੀ/ਖੋ.ਅ.-1/58/2015/ 2523-27

**ਪੰਜਾਬ ਸਰਕਾਰ**

**ਭਲਾਈ ਵਿਭਾਗ**

**(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)**

ਸੇਵਾ ਵਿਖੇ,

1. ਮੁੱਖ ਸਕੱਤਰ, ਪੰਜਾਬ।
2. ਪ੍ਰਮੁੱਖ ਸਕੱਤਰ ਵਿੱਤ, ਪੰਜਾਬ ।
3. ਸਕੱਤਰ ਭਲਾਈ, ਪੰਜਾਬ ।
4. ਸਕੱਤਰ ਯੋਜਨਾ, ਪੰਜਾਬ ।
5. ਡਾਇਰੈਕਟਰ, ਨੈਸ਼ਨਲ ਕਮਿਸਨ ਫਾਰ ਸਡਿਊਲਡ ਕਾਸਟਸ, ਚੰਡੀਗੜ੍ਹ।

ਮਿਤੀ: ਚੰਡੀਗੜ੍ਹ: 27 ਮਈ, 2015

ਵਿਸ਼ਾ:- **ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ) ਦੀ ਸਮੀਖਿਆ ਲਈ ਰਾਜ ਪੱਧਰੀ ਤਿੰਨ ਧਿਰੀ ਸਟੈਂਡਿੰਗ ਕਮੇਟੀ ਦੀ 11ਵੀਂ ਮੀਟਿੰਗ ਦੀ ਕਾਰਵਾਈ ਭੇਜਣ ਸਬੰਧੀ।**

******

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸੇ ਸਬੰਧੀ ਇਸ ਵਿਭਾਗ ਦੇ ਪੱਤਰ ਨੰ: ਐਸ.ਸੀ.ਐਸ.ਪੀ/ਖੋ.ਅ.-1/58/ 2015/2259-63, ਮਿਤੀ 8.5.2015 ਦੀ ਲਗਾਤਾਰਤਾ ਵਿੱਚ।

2. ਮਿਤੀ 12-5-2015 ਨੂੰ ਮਾਨਯੋਗ ਭਲਾਈ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ '**ਰਾਜ ਪੱਧਰੀ ਤਿੰਨ ਧਿਰੀ ਸਟੈਂਡਿੰਗ ਕਮੇਟੀ**' ਦੀ 11ਵੀਂ ਮੀਟਿੰਗ ਦੀ ਕਾਰਵਾਈ ਇਸ ਦੇ ਨਾਲ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਵਿਸ਼ਵਾਸਪਾਤਰ,

(ਚਮਨ ਲਾਲ ਵਾਸਨ)

**ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਪਿੱਠਅੰਕਣ ਨੰ: ਐਸ.ਸੀ.ਐਸ.ਪੀ/ ਖੋ.ਅ.-1/58/2015/ 2528 ਮਿਤੀ: 27-5-2015

ਉਪਰੋਕਤ ਦਾ ਇੱਕ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਮੁੱਖ ਪਾਰਲੀਮਾਨੀ ਸਕੱਤਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ ਨੂੰ ਇਸ ਵਿਭਾਗ ਦੇ ਪਿੱਠਅੰਕਣ ਨੰ: ਐਸ.ਸੀ.ਐਸ.ਪੀ/ਖੋ.ਅ.-1/58/2015/2264, ਮਿਤੀ 8.5.2015 ਦੀ ਲਗਾਤਾਰਤਾ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

**ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਪਿੱਠਅੰਕਣ ਨੰ: ਐਸ.ਸੀ.ਐਸ.ਪੀ/ ਖੋ.ਅ.-1/58/2015/ 2529 ਮਿਤੀ: 27-5-2015

ਉਪਰੋਕਤ ਦਾ ਇੱਕ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਨੂੰ ਇਸ ਵਿਭਾਗ ਦੇ ਪਿੱਠਅੰਕਣ ਨੰ: ਐਸ.ਸੀ.ਐਸ.ਪੀ/ਖੋ.ਅ.-1/58/2015/2265, ਮਿਤੀ 8.5.2015 ਦੀ ਲਗਾਤਾਰਤਾ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ/ ਖੋ.ਅ.-1/58/2015/ 2530 ਮਿਤੀ: 27-5-2015

ਉਪਰੋਕਤ ਦਾ ਇੱਕ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ ਭਲਾਈ ਮੰਤਰੀ ਨੂੰ ਇਸ ਵਿਭਾਗ ਦੇ ਪਿੱਠਅੰਕਣ ਨੰ: ਐਸ.ਸੀ.ਐਸ.ਪੀ/ਖੋ.ਅ.-1/58/2015/ 2266, ਮਿਤੀ 8.5.2015 ਦੀ ਲਗਾਤਾਰਤਾ ਵਿੱਚ ਮਾਨਯੋਗ ਭਲਾਈ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ/ ਖੋ.ਅ.-1/58/2015/2531 ਮਿਤੀ: 27-5-2015

ਉਪਰੋਕਤ ਦਾ ਇੱਕ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, (ਮੋਨਿਓਰਿਟੀ ਸੈਲ) ਭਲਾਈ ਵਿਭਾਗ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਭਲਾਈ ਵਿਭਾਗ ਦੀ ਵੈਬਸਾਇਟ ਉਪਰ Directorate of SCSP link ਅਧੀਨ ਅਪਲੋਡ ਕੀਤਾ ਜਾਵੇ ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

**ਮਾਨਯੋਗ ਭਲਾਈ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 12.5.2015 ਨੂੰ ਰਾਜ ਪੱਧਰੀ ਤਿੰਨ ਧਿਰੀ ਸਟੈਂਡਿੰਗ ਕਮੇਟੀ (State Level Standing Tripartite Committee) ਦੀ ਹੋਈ 11ਵੀਂ ਮੀਟਿੰਗ ਦੀ ਕਾਰਵਾਈ ।**

*****

ਮੀਟਿੰਗ ਵਿੱਚ ਹਾਜਰ ਅਧਿਕਾਰੀਆਂ ਦਾ ਵੇਰਵਾ ਅਨੁਲੱਗ-ੳ ਉਪਰ ਹੈ।

ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਸਕੱਤਰ ਭਲਾਈ ਜੀ ਵੱਲੋਂ ਮਾਨਯੋਗ ਭਲਾਈ ਮੰਤਰੀ ਜੀ ਅਤੇ ਮੀਟਿੰਗ ਵਿੱਚ ਹਾਜਰ ਅਧਿਕਾਰੀਆਂ ਨੂੰ ਜੀ ਆਇਆਂ ਆਖਿਆ ਗਿਆ। ਉਹਨਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਯੋਜਨਾ ਕਮਿਸ਼ਨ, (ਹੁਣ ਨੀਤੀ ਆਯੋਗ) ਭਾਰਤ ਸਰਕਾਰ ਦੀਆਂ ਅਗਵਾਈ ਲੀਹਾਂ ਅਨੁਸਾਰ ਰਾਜ ਸਰਕਾਰ ਵਲੋਂ ਐਸ.ਸੀ.ਐਸ.ਪੀ. (SCSP) ਨੂੰ ਲਾਗੂ ਕਰਨ ਦੀ ਕਾਰਜ-ਨੀਤੀ ਅਤੇ ਇਸ ਦੀ ਦੇਖ-ਰੇਖ ਲਈ ਮਾਨਯੋਗ ਭਲਾਈ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਰਾਜ ਪੱਧਰੀ ਤਿੰਨ ਧਿਰੀ ਕਮੇਟੀ (State Level Standing Tripartite Committee) ਦਾ ਗਠਨ ਕੀਤਾ ਹੋਇਆ ਹੈ। ਇਸ ਉਪਰੰਤ ਅਜੰਡੇਵਾਰ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕਰਦੇ ਹੋਏ ਹੇਠ ਅਨੁਸਾਰ ਫੈਸਲੇ ਲਏ ਗਏ ।

| | |
|---|---|
| **ਅਜੰਡਾ ਮੱਦ ਨੰਬਰ 11.1** | **ਮਿਤੀ 22-8-2012 ਨੂੰ ਹੋਈ ਰਾਜ ਪੱਧਰੀ ਤਿੰਨ ਧਿਰੀ ਸਟੈਂਡਿੰਗ ਕਮੇਟੀ ਦੀ 10ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।** |

**11.1.1** ਸਕੱਤਰ ਭਲਾਈ ਜੀ ਵੱਲੋਂ ਦੱਸਿਆ ਗਿਆ ਕਿ ਇਸ ਕਮੇਟੀ ਦੀ ਮਿਤੀ 22.8.2012 ਨੂੰ ਹੋਈ ਮੀਟਿੰਗ ਦੀ ਕਾਰਵਾਈ ਕਮੇਟੀ ਦੇ ਸਮੂਹ ਮੈਂਬਰਾਂ ਨੂੰ ਭੇਜੀ ਗਈ ਸੀ। ਇਸ ਕਾਰਵਾਈ ਦੀ ਮੱਦ ਨੰ: 10.2 ਸਬੰਧੀ ਪ੍ਰਮੁੱਖ ਸਕੱਤਰ ਵਿੱਤ ਵੱਲੋਂ ਅਪਣੇ ਨੋਟ ਮਿਤੀ 25.9.2012 ਰਾਹੀਂ ਬਜਟਿਡ ਐਸ.ਸੀ.ਐਸ.ਪੀ ਉਪਬੰਧਾਂ ਅਧੀਨ ਲਾਭਪਾਤਰੀ ਸਕੀਮਾਂ ਦਾ ਕੰਟਰੋਲ ਭਲਾਈ ਵਿਭਾਗ ਨੂੰ ਦੇਣ ਲਈ ਲਏ ਗਏ ਫੈਸਲੇ ਸਬੰਧੀ ਇਹ ਇਤਰਾਜ ਉਠਾਇਆ ਸੀ ਕਿ ਇਹ ਕੰਟਰੋਲ ਦੇਣ ਦਾ ਅਧਿਕਾਰ ਕੇਵਲ ਮੰਤਰੀ ਮੰਡਲ ਕੋਲ ਹੈ। ਸਕੱਤਰ ਭਲਾਈ ਜੀ ਵੱਲੋਂ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਹੁਣ ਮੰਤਰੀ ਮੰਡਲ ਨੇ ਅਪਣੀ ਮੀਟਿੰਗ ਮਿਤੀ 20.1.2014 ਵਿੱਚ ਬਜਟਿਡ ਐਸ.ਸੀ.ਐਸ.ਪੀ ਉਪਬੰਧਾਂ ਅਧੀਨ ਆਉਂਦੀਆਂ ਲਾਭਪਾਤਰੀ ਸਕੀਮਾਂ ਦਾ ਕੰਟਰੋਲ ਭਲਾਈ ਵਿਭਾਗ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਵਧੀਕ ਸਕੱਤਰ ਵਿੱਤ ਵੱਲੋਂ ਪੁੱਛੇ ਗਏ ਸਵਾਲ ਦੇ ਜੁਆਬ ਵਿੱਚ ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਇਹ ਸਪਸ਼ਟ ਕੀਤਾ ਗਿਆ ਕਿ ਤਿੰਨ ਧਿਰੀ ਕਮੇਟੀ ਵੱਲੋਂ ਮਿਤੀ 22.8.2012 ਨੂੰ ਲਏ ਗਏ ਫੈਸਲੇ ਦੇ ਅਨੁਰੂਪ ਹੀ ਮੰਤਰੀ ਮੰਡਲ ਵੱਲੋਂ

ਮਿਤੀ 20.1.2014 ਦੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਹੈ। ਇਸ ਦੇ ਸਨਮੁੱਖ ਮਿਤੀ 22.8.2012 ਨੂੰ ਹੋਈ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰ ਦਿੱਤੀ ਗਈ।

| | |
|---|---|
| **ਅਜੰਡਾ ਮੱਦ ਨੰਬਰ 11.2** | **ਐਸ.ਸੀ.ਐਸ.ਪੀ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕਰਨ ਸਬੰਧੀ ਮੰਤਰੀ ਮੰਡਲ ਦੇ ਮਿਤੀ 20-1-2014 ਦੇ ਫੈਸਲੇ ਸਬੰਧੀ।** |

11.2.1 ਸਕੱਤਰ ਭਲਾਈ ਜੀ ਵੱਲੋਂ ਦੱਸਿਆ ਗਿਆ ਕਿ ਐਸ.ਸੀ.ਐਸ.ਪੀ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਮੰਤਰੀ ਮੰਡਲ ਵੱਲੋਂ ਅਪਣੀ ਮੀਟਿੰਗ ਮਿਤੀ 20.1.2014 ਵਿੱਚ ਮੰਤਰੀ ਮੰਡਲ ਦੇ **'ਮਹਾਂਰਾਸ਼ਟਰਾ ਮਾਡਲ'** ਸਬੰਧੀ ਪਹਿਲੇ ਫੈਸਲੇ ਮਿਤੀ 6.3.2003 ਨੂੰ ਰਿਵਿਊ ਕਰਦੇ ਹੋਏ ਕੁੱਝ ਅਹਿਮ ਫੈਸਲੇ ਲਏ ਹਨ, ਜਿਸ ਸਬੰਧੀ ਭਲਾਈ ਵਿਭਾਗ ਵੱਲੋ ਮਿਤੀ 10.2.2014 ਨੂੰ ਅਧਿਸੂਚਨਾ ਵੀ ਜਾਰੀ ਕਰ ਦਿੱਤੀ ਗਈ ਸੀ। ਉਹਨਾਂ ਵੱਲੋਂ ਇਸ ਅਧਿਸੂਚਨਾ ਦੇ ਮੁੱਖ ਫੈਸਲਿਆਂ ਸਬੰਧੀ ਕਮੇਟੀ ਨੂੰ ਜਾਣੂ ਕਰਵਾਇਆ ਗਿਆ। ਕਮੇਟੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਭਲਾਈ ਵਿਭਾਗ ਵੱਲੋਂ ਜਾਰੀ ਅਧਿਸੂਚਨਾ ਮਿਤੀ 10.2.2014 ਦੇ ਸਨਮੁੱਖ ਹੀ ਐਸ.ਸੀ.ਐਸ.ਪੀ. 2014-15 ਅਤੇ 2015-16 ਦੀ ਬਣਤਰ ਕੀਤੀ ਗਈ ਹੈ।

| | |
|---|---|
| **ਅਜੰਡਾ ਮੱਦ ਨੰਬਰ 11.3** | **ਐਸ.ਸੀ.ਐਸ.ਪੀ ਅਧੀਨ ਸਾਲ 2012-13 ਤੋਂ 2014-15 ਦੌਰਾਨ ਹੋਈ ਵਿੱਤੀ ਪ੍ਰਗਤੀ ਦੀ ਸਮੀਖਿਆ।** |

11.3.1 ਸਕੱਤਰ ਭਲਾਈ ਜੀ ਵੱਲੋਂ ਐਸ.ਸੀ.ਐਸ.ਪੀ 2012-13 ਤੋਂ 2014-15 ਦੌਰਾਨ ਹੋਈ ਵਿੱਤੀ ਪ੍ਰਗਤੀ ਸਬੰਧੀ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਹਨਾਂ ਸਾਲਾਂ ਦੌਰਾਨ ਐਸ.ਸੀ.ਐਸ.ਪੀ. ਅਧੀਨ ਹੋਈ ਵਿੱਤੀ ਪ੍ਰਗਤੀ ਸਾਲਾਨਾ ਯੋਜਨਾ ਅਧੀਨ ਉਸੇ ਸਮੇ ਦੌਰਾਨ ਹੋਈ ਪ੍ਰਗਤੀ ਦੇ ਤਕਰੀਬਨ ਬਰਾਬਰ ਹੀ ਹੈ।

11.3.2 ਡਾਇਰੈਕਟਰ, ਨੈਸ਼ਨਲ ਕਮਿਸ਼ਨ ਫਾਰ ਐਸ.ਸੀਜ ਵੱਲੋਂ ਕੀਤੇ ਗਏ ਪ੍ਰੇਖਣ ਸਬੰਧੀ ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਸਪਸ਼ਟ ਕੀਤਾ ਗਿਆ ਕਿ ਸਾਲ 2013-14 ਦੌਰਾਨ ਐਸ.ਸੀ.ਐਸ.ਪੀ ਅਧੀਨ ਹੋਇਆ ਖਰਚਾ ਸਾਲਾਨਾ ਯੋਜਨਾ ਅਧੀਨ ਹੋਏ ਕੁੱਲ ਖਰਚੇ ਦਾ 28.55% ਹੈ, ਜੋ ਕਿ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੀ ਪ੍ਰਤੀਸ਼ਤਤਾ (28.85%) ਦੇ ਬਰਾਬਰ ਹੈ। ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਐਸ.ਸੀ.ਐਸ.ਪੀ 2014-15 ਦੌਰਾਨ ਹੋਈ 67.17% ਪ੍ਰਗਤੀ ਬਾਰੇ ਦੱਸਿਆ ਗਿਆ ਕਿ ਇਹ ਖਰਚਾ ਖਜਾਨੇ ਵਿਚੋਂ ਮਾਈਨਰ ਹੈਡ 789 ਅਧੀਨ ਜਾਰੀ ਹੋਈ ਰਾਸ਼ੀ ਤੇ ਅਧਾਰਿਤ ਹੈ ਅਤੇ ਅਸਲ ਖਰਚਾ ਵਿਭਾਗਾਂ ਤੋਂ ਖਰਚਾ ਰਿਪੋਰਟ ਪ੍ਰਾਪਤ ਹੋਣ ਉਪਰੰਤ ਕੈਲਕੂਲੇਟ ਕੀਤਾ ਜਾਵੇਗਾ।

11.3.3 ਅਨੁਸੂਚਿਤ ਜਾਤੀਆਂ ਸਬ ਪਲਾਨ ਵਿੱਚ ਸ਼ਾਮਲ exclusive ਸਕੀਮਾਂ ਦੀ ਵਿੱਤੀ ਪ੍ਰਗਤੀ ਸਬੰਧੀ ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਦੱਸਿਆ ਗਿਆ ਕਿ ਇਹਨਾਂ ਸਕੀਮਾਂ ਅਧੀਨ ਬੇਸ਼ੱਕ ਸਾਲ 2012-13 ਅਤੇ ਸਾਲ 2013-14 ਦੌਰਾਨ ਵਿੱਤੀ ਪ੍ਰਗਤੀ ਘੱਟ ਸੀ, ਪਰ ਸਾਲ 2014-15 ਦੌਰਾਨ ਵਿੱਤ ਵਿਭਾਗ ਵੱਲੋਂ ਇਹਨਾ ਸਕੀਮਾਂ ਲਈ ਵੱਧ ਤੋਂ ਵੱਧ ਫੰਡ ਜਾਰੀ ਕੀਤੇ ਹਨ, ਜਿਸ ਕਾਰਨ ਇਸ ਸਾਲ ਦੌਰਾਨ ਵਿੱਤੀ ਪ੍ਰਗਤੀ 145% ਹੋਈ ਹੈ।

11.3.4 ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਅਨੁਸੂਚਿਤ ਜਾਤੀਆਂ ਸਬ ਪਲਾਨ ਵਿੱਚ 50% ਤੋਂ 99% ਤੱਕ ਐਸ.ਸੀ.ਐਸ.ਪੀ. ਕੰਪੋਨੈਂਟ ਵਾਲੀਆਂ ਸਕੀਮਾਂ ਦੀ ਸਾਲ 2012-13 ਤੋਂ ਸਾਲ 2014-15 ਦੌਰਾਨ ਹੋਈ ਵਿੱਤੀ ਪ੍ਰਗਤੀ ਸਬੰਧੀ ਕਮੇਟੀ ਨੂੰ ਦੱਸਿਆ ਕਿ ਇਹ ਪ੍ਰਗਤੀ ਤਸੱਲੀਬਖਸ਼ ਹੈ। ਉਨ੍ਹਾਂ ਵੱਲੋਂ ਡਾਇਰੈਕਟਰ, ਨੈਸਨਲ ਕਮਿਸ਼ਨ ਫਾਰ ਐਸ.ਸੀਜ ਵੱਲੋਂ ਕੀਤੇ ਗਏ ਪ੍ਰੇਖਣ ਸਬੰਧੀ ਸਪਸ਼ਟ ਕੀਤਾ ਗਿਆ ਕਿ ਐਸ.ਸੀ.ਐਸ.ਪੀ ਅਧੀਨ ਅਜਿਹੀਆਂ ਸਕੀਮਾਂ ਵੀ ਸ਼ਾਮਲ ਹਨ, ਜਿਹਨਾਂ ਵਿੱਚ ਐਸ.ਸੀ.ਐਸ.ਪੀ ਦਾ ਹਿੱਸਾ 50% ਤੋਂ ਲੈ ਕੇ 99% ਤੱਕ ਹੈ। ਅਜਿਹੀਆਂ ਸਕੀਮਾਂ (ਸ਼ਗਨ, ਆਟਾ ਦਾਲ, ਪਖਾਨਿਆਂ ਦੀ ਉਸਾਰੀ, ਮਨਰੇਗਾ, ਇੰਦਰਾ ਆਵਾਸ ਯੋਜਨਾ ਅਤੇ ਪੈਨਸ਼ਨ ਸਕੀਮਾਂ ਆਦਿ) ਅਧੀਨ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਦਿੱਤੇ ਗਏ ਲਾਭਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਹਨਾਂ ਨੇ ਇਹ ਵੀ ਦੱਸਿਆ ਕਿ ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ) ਵੱਲੋਂ ਮਿਤੀ 18.6.2014 ਨੂੰ ਜਾਰੀ ਕੀਤੀਆਂ ਗਈਆਂ ਸੋਧੀਆਂ ਹੋਈਆਂ ਅਗਵਾਈ ਲੀਹਾਂ ਵਿੱਚ ਅਜਿਹੀਆਂ ਸਕੀਮਾਂ (50% ਤੋਂ 99% ਤੱਕ) ਨੂੰ ਐਸ.ਸੀ.ਐਸ.ਪੀ ਵਿੱਚ ਸ਼ਾਮਲ ਕਰਨ ਦੀ ਪੁਸਟੀ ਕੀਤੀ ਹੈ।

**11.3.5 ਅਨੁਸੂਚਿਤ ਜਾਤੀਆਂ ਸਬ ਪਲਾਨ 2015-16**

ਸਕੱਤਰ ਭਲਾਈ ਜੀ ਵੱਲੋਂ ਦੱਸਿਆ ਗਿਆ ਕਿ ਸਾਲ 2015-16 ਦੀ ਐਸ.ਸੀ.ਐਸ.ਪੀ ਦਾ ਆਕਾਰ 6764.10 ਕਰੋੜ ਰੁਪਏ ਨਿਰਧਾਰਤ ਕੀਤਾ ਗਿਆ ਹੈ ਜੋ ਕਿ ਰਾਜ ਦੀ ਸਾਲਾਨਾ ਯੋਜਨਾ (21173.91 ਕਰੋੜ ਰੁਪਏ) ਦਾ 31.95 ਪ੍ਰਤੀਸ਼ਤ ਬਣਦਾਂ ਹੈ। ਐਸ.ਸੀ.ਐਸ.ਪੀ ਦੇ ਕੁੱਲ ਆਕਾਰ ਵਿਚੋਂ 3045.83 ਕਰੋੜ ਰੁਪਏ (45.03%) ਦੇ ਬਜਟਿਡ ਉਪਬੰਧ ਅਤੇ 3718.27 ਕਰੋੜ ਰੁਪਏ (54.97%) ਦੇ ਨਾਨ-ਬਜਟਿਡ ਉਪਬੰਧ ਹਨ। ਉਹਨਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ 3045.83 ਕਰੋੜ ਰੁਪਏ ਦੇ ਬਜਟਿਡ ਉਪਬੰਧਾਂ ਵਿਚੋਂ 568.30 ਕਰੋੜ ਰੁਪਏ ਦੇ ਉਪਬੰਧ ਅਨੁਸੂਚਿਤ ਜਾਤੀਆਂ ਨੂੰ ਸਿੱਧਾ ਲਾਭ ਦੇਣ ਵਾਲੀਆਂ ਸਕੀਮਾਂ, 2004.38 ਕਰੋੜ ਰੁਪਏ ਦੇ ਉਪਬੰਧ 50% ਤੋਂ 99% ਕੰਪੋਨੈਂਟ ਵਾਲੀਆਂ ਸਕੀਮਾਂ ਅਤੇ 1145.59 ਕਰੋੜ ਰੁਪਏ ਦੇ ਉਪਬਧ 50% ਤੋਂ ਘੱਟ ਕੰਪੋਨੈਂਟ ਵਾਲੀਆਂ ਸਕੀਮਾਂ ਲਈ ਹਨ।

11.3.6 ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਵਧੀਕ ਸਕੱਤਰ ਵਿੱਤ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਨੈਸ਼ਨਲ ਕਮਿਸ਼ਨ ਫਾਰ ਐਸ.ਸੀਜ ਵੱਲੋਂ ਅਨੁਸੂਚਿਤ ਜਾਤੀਆਂ ਦੀਆਂ exclusive ਸਕੀਮਾਂ ਅਧੀਨ ਘੱਟ ਪ੍ਰਗਤੀ ਨੂੰ ਹਮੇਸ਼ਾ ਗੰਭੀਰਤਾ ਨਾਲ ਲਿਆ ਜਾਂਦਾ ਹੈ । ਇਸ ਲਈ ਸਾਲ 2015-16 ਦੌਰਾਨ ਅਜਿਹੀਆਂ ਸਕੀਮਾਂ ਅਧੀਨ ਰੱਖੇ ਗਏ 568.30 ਕਰੋੜ ਰੁਪਏ ਦੇ ਉਪਬੰਧਾਂ ਨੂੰ ਵਿੱਤ ਵਿਭਾਗ ਵੱਲੋਂ ਪਹਿਲਤਾ ਦੇ ਅਧਾਰ ਤੇ ਜਾਰੀ ਕਰਨਾ ਚਾਹੀਦਾ ਹੈ। ਵਧੀਕ ਸਕੱਤਰ ਵਿੱਤ ਵੱਲੋਂ ਕਿਹਾ ਗਿਆ ਕਿ ਉਹ ਇਸ ਮੀਟਿੰਗ ਦੀ ਕਾਰਵਾਈ ਮਾਨਯੋਗ ਵਿੱਤ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਗੇ ਅਤੇ ਉਹਨਾਂ ਦੇ ਹੁਕਮਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

| | |
|---|---|
| **ਅਜੰਡਾ ਮੱਦ ਨੰਬਰ 11.4** | **ਨੈਸ਼ਨਲ ਕਮਿਸ਼ਨ ਫਾਰ ਐਸ.ਸੀਜ ਵਲੋਂ ਐਸ.ਸੀ.ਐਸ.ਪੀ. ਦੀ ਸਮੀਖਿਆ** |

ਸਕੱਤਰ ਭਲਾਈ ਜੀ ਵੱਲੋਂ ਡਾਇਰੈਕਟਰ, ਨੈਸ਼ਨਲ ਕਮਿਸ਼ਨ ਫਾਰ ਐਸ.ਸੀਜ ਨੂੰ ਦੱਸਿਆ ਕਿ ਮਿਤੀ 20.1.2015 ਨੂੰ ਨੈਸ਼ਨਲ ਕਮਿਸ਼ਨ ਨਾਲ ਹੋਈ ਮੀਟਿੰਗ ਦੀ ਕਾਰਵਾਈ ਤੇ **"ਐਕਸ਼ਨ ਟੇਕਨ ਰਿਪੋਰਟ"** ਸਬੰਧਤ ਵਿਭਾਗਾਂ ਤੋਂ ਸੂਚਨਾ ਪ੍ਰਾਪਤ ਹੋਣ ਉਪਰੰਤ ਭੇਜ ਦਿੱਤੀ ਜਾਵੇਗੀ।

| | |
|---|---|
| **ਅਜੰਡਾ ਮੱਦ ਨੰਬਰ 11.5** | **ਅਨੁਸੂਚਿਤ ਜਾਤੀਆਂ ਸਬ ਪਲਾਨ ਲਈ ਪ੍ਰਾਪਤ ਹੁੰਦੀ ਵਿਸ਼ੇਸ਼ ਕੇਂਦਰੀ ਸਹਾਇਤਾ (100% ਗਰਾਂਟ) ਰਾਸ਼ੀ ਦੀ ਵਰਤੋਂ ਸਬੰਧੀ।** |

11.5.1 ਸਕੱਤਰ ਭਲਾਈ ਜੀ ਵੱਲੋਂ ਦੱਸਿਆ ਗਿਆ ਕਿ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋ **"ਅਨੁਸੂਚਿਤ ਜਾਤੀਆਂ ਸਬ ਪਲਾਨ ਲਈ ਵਿਸ਼ੇਸ਼ ਕੇਂਦਰੀ ਸਹਾਇਤਾ"** ਅਧੀਨ ਰਾਜ ਵਿਚ ਗਰੀਬੀ ਰੇਖਾ ਤੋ ਹੇਠਾਂ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਦੇ ਆਰਥਿਕ ਵਿਕਾਸ ਲਈ 100% ਗਰਾਟ ਵਜੋ ਵਿਸ਼ੇਸ਼ ਕੇਦਰੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ।

11.5.2 ਸਕੱਤਰ ਭਲਾਈ ਜੀ ਵੱਲੋਂ ਇਹ ਵੀ ਦੱਸਿਆ ਗਿਆ ਕਿ ਰਾਜ ਸਰਕਾਰ ਨੂੰ ਪਿਛਲੇ ਚਾਰ ਸਾਲਾਂ ਦੌਰਾਨ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਕੋਈ ਵੀ ਰਾਸ਼ੀ ਪ੍ਰਾਪਤ ਨਹੀਂ ਹੋਈ, ਕਿਉਂਕਿ ਰਾਜ ਸਰਕਾਰ ਵੱਲੋਂ ਪਿਛਲੇ ਸਾਲਾਂ ਦੌਰਾਨ ਪ੍ਰਾਪਤ ਹੋਈ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਭਾਰਤ ਸਰਕਾਰ ਨੂੰ ਨਹੀਂ ਭੇਜਿਆ ਗਿਆ। ਉਹਨਾਂ ਇਹ ਵੀ ਦੱਸਿਆ ਕਿ ਸਾਲ 2015-16 ਲਈ ਪੰਜਾਬ ਰਾਜ ਲਈ 40.00 ਕਰੋੜ ਰੁਪਏ ਦੀ ਨੋਸ਼ਨਲ ਐਲੋਕੇਸ਼ਨ ਨਿਰਧਾਰਤ ਕੀਤੀ ਗਈ ਹੈ।

11.5.3 ਸਕੱਤਰ ਭਲਾਈ ਜੀ ਵੱਲੋਂ ਕਮੇਟੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਪਹਿਲੀ ਕਿਸ਼ਤ ਜਾਰੀ ਕਰਵਾਉਣ ਲਈ ਉਨ੍ਹਾਂ ਵੱਲੋਂ ਸਕੱਤਰ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਕੋਲ ਨਿੱਜੀ ਪੱਧਰ ਤੇ ਪਹੁੰਚ ਕਰਕੇ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਰਾਜ ਸਰਕਾਰ ਕੋਲ ਬਕਾਇਆ ਪਈ ਵਰਤੋਂ ਸਰਟੀਫਿਕੇਟ ਦੀ 1.17 ਕਰੋੜ ਰੁਪਏ ਦੀ ਰਾਸ਼ੀ ਪਹਿਲੀ ਕਿਸ਼ਤ ਵਿੱਚੋਂ ਕੱਟ ਕੇ ਬਾਕੀ ਦੀ ਰਾਸ਼ੀ ਰਾਜ ਸਰਕਾਰ ਨੂੰ ਜਾਰੀ ਕਰ ਦਿੱਤੀ ਜਾਵੇ। ਮੰਤਰਾਲੇ ਵੱਲੋਂ ਇਸ ਸਬੰਧ ਵਿੱਚ ਹਾਂ ਪੱਖੀ ਕਾਰਵਾਈ ਕਰਨ ਦਾ ਭਰੋਸਾ ਦਵਾਇਆ ਹੈ। ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ 1.17 ਕਰੋੜ ਰੁਪਏ ਵਿਚੋਂ 71.00 ਲੱਖ ਰੁਪਏ ਦਾ ਖਰਚਾ ਪ੍ਰਾਪਤ ਹੋ ਗਿਆ ਹੈ ਅਤੇ ਬਾਕੀ 46.00 ਲੱਖ ਰੁਪਏ ਦਾ ਵਰਤੋਂ ਸਰਟੀਫਿਕੇਟ, ਜਿਲਾ ਦਿਹਾਤੀ ਵਿਕਾਸ ਏਜੰਸੀਆਂ ਵੱਲੋਂ ਇੱਕ ਹਫਤੇ ਦੇ ਅੰਦਰ-ਅੰਦਰ ਮੁਹੱਈਆ ਕਰਾਉਣ ਦਾ ਭਰੋਸਾ ਦਵਾਇਆ ਹੈ। ਇਸ ਉਪਰੰਤ ਸੰਕਲਿਤ ਵਰਤੋਂ ਸਰਟੀਫਿਕੇਟ ਭਾਰਤ ਸਰਕਾਰ ਨੂੰ ਭੇਜ ਕੇ ਸਾਲ 2015-16 ਦੀ ਨੋਸ਼ਨਲ ਐਲੋਕੇਸ਼ਨ (40.00 ਕਰੋੜ ਰੁਪਏ) ਵਿਚੋਂ ਪਹਿਲੀ ਕਿਸ਼ਤ ਜਾਰੀ ਕਰਵਾਉਣ ਲਈ ਬੇਨਤੀ ਕੀਤੀ ਜਾਵੇਗੀ।

11.5.4 ਸਕੱਤਰ ਭਲਾਈ ਜੀ ਵੱਲੋਂ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਸਮੇਂ-ਸਿਰ ਵਰਤੋਂ ਨੂੰ ਯਕੀਨੀ ਬਣਾਉਣ ਲਈ ਭਲਾਈ ਵਿਭਾਗ ਵਲੋਂ ਉਠਾਏ ਗਏ ਕਦਮਾਂ ਸਬੰਧੀ ਦੱਸਿਆ ਗਿਆ ਕਿ ਵਿੱਤ ਵਿਭਾਗ ਵੱਲੋਂ ਮਿਤੀ 24.2.2015 ਨੂੰ ਭਾਰਤ ਸਰਕਾਰ ਤੋਂ ਰਾਸ਼ੀ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਇਹ ਰਾਸ਼ੀ ਸਬੰਧਤ ਲਾਗੂਕਰਤਾ ਵਿਭਾਗਾਂ/ਏਜੰਸੀਆਂ ਨੂੰ ਜਾਰੀ ਕਰਨ ਦਾ ਆਸਵਾਸ਼ਨ ਦੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਵਿੱਤ ਵਿਭਾਗ ਵੱਲੋਂ ਸਾਲ 2015-16 ਦੌਰਾਨ ਵਿਸ਼ੇਸ਼ ਕੇਂਦਰੀ ਸਹਾਇਤਾ ਦੇ ਸਾਰੇ ਉਪਬੰਧ ਭਲਾਈ ਵਿਭਾਗ ਦੀ ਮੰਗ (ਨੰਬਰ 25) ਵਿੱਚ ਬੁੱਕ ਕਰ ਦਿੱਤੇ ਗਏ ਹਨ।

| | |
|---|---|
| **ਅਜੰਡਾ ਮੱਦ ਨੰਬਰ 11.6** | **ਵਿਸ਼ੇਸ਼ ਕੇਂਦਰੀ ਸਹਾਇਤਾ ਅਧੀਨ ਲਾਗੂ ਹੋਈਆਂ ਸਕੀਮਾਂ ਦੇ ਮੁਲਾਂਕਣ ਸਬੰਧੀ** |

ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਸਾਲ 2002-03 ਤੋਂ ਸਾਲ 2010-11 ਦੌਰਾਨ ਲਾਗੂ ਵਿਸ਼ੇਸ਼ ਕੇਂਦਰੀ ਸਹਾਇਤਾ ਦੇ ਮੁਲਾਂਕਣ ਸੰਬਧੀ ਅੰਕੜੇ ਕਮੇਟੀ ਦੀ ਸੂਚਨਾ ਹਿੱਤ ਪੇਸ਼ ਕੀਤੇ ਗਏ। ਉਹਨਾਂ ਇਹ ਵੀ ਦੱਸਿਆ ਕਿ ਸਾਲ 2011-12 ਦੀ ਰਿਪੋਰਟ ਭਾਰਤ ਸਰਕਾਰ ਨੂੰ ਇਸ ਮਹੀਨੇ ਦੇ ਆਖੀਰ ਤੱਕ ਭੇਜ ਦਿੱਤੀ ਜਾਵੇਗੀ।

| ਅਜੰਡਾ ਮੱਦ ਨੰਬਰ 11.7 | ਅਨੁਸੂਚਿਤ ਜਾਤੀਆਂ ਸਬ ਪਲਾਨ ਸਬੰਧੀ ਪ੍ਰਾਪਤੀਆਂ |
|---|---|

ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਐਸ.ਸੀ.ਐਸ.ਪੀ. ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਭਲਾਈ ਵਿਭਾਗ ਦੀਆਂ ਪ੍ਰਾਪਤੀਆਂ ਸਮੇਤ ਐਸ.ਸੀ.ਐਸ.ਪੀ/ਵਿਸ਼ੇਸ਼ ਕੇਂਦਰੀ ਸਹਾਇਤਾ ਲਈ ਰਾਜ, ਜਿਲ੍ਹਾ ਅਤੇ ਬਲਾਕ ਪੱਧਰ ਤੇ ਗਠਿਤ ਕਮੇਟੀਆਂ ਦੀਆਂ ਹੋਈਆਂ ਮੀਟਿੰਗਾਂ ਸਬੰਧੀ ਵੇਰਵਾ ਦਿੰਦੇ ਹੋਏ ਦੱਸਿਆ ਕਿ ਰਾਜ ਪੱਧਰੀ ਸਮੀਖਿਆ ਕਮੇਟੀ ਦੀ ਮੀਟਿੰਗ ਇਸ ਕਮੇਟੀ ਦੀ ਮੀਟਿੰਗ ਤੋਂ ਬਾਅਦ ਕਰਵਾਈ ਜਾਵੇਗੀ। ਉਹਨਾਂ ਇਹ ਵੀ ਦੱਸਿਆ ਕਿ ਰਾਜ ਪੱਧਰੀ ਤਿੰਨ ਧਿਰੀ ਸਮੀਖਿਆ ਕਮੇਟੀ ਦੀਆਂ ਹੁਣ ਤੱਕ 10 ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਅੱਜ 11ਵੀਂ ਮੀਟਿੰਗ ਹੋ ਰਹੀ ਹੈ। ਇਸ ਤੋਂ ਇਲਾਵਾ ਜਿਲ੍ਹਾ ਪੱਧਰੀ ਨਿਰੀਖਣ ਕਮੇਟੀਆਂ ਦੀਆਂ 8 ਜਿਲ੍ਹਿਆਂ ਵਿੱਚ 10 ਮੀਟਿੰਗਾਂ ਅਤੇ ਬਲਾਕ ਪੱਧਰੀ ਨਿਰੀਖਣ ਕਮੇਟੀਆਂ ਦੀਆਂ 46 ਬਲਾਕਾਂ ਵਿੱਚ 86 ਮੀਟਿੰਗਾਂ ਹੋ ਚੁੱਕੀਆਂ ਹਨ।

| ਅਜੰਡਾ ਮੱਦ ਨੰਬਰ 11.8 | ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ), ਭਾਰਤ ਸਰਕਾਰ ਦੀਆਂ ਐਸ.ਸੀ.ਐਸ.ਪੀ ਸਬੰਧੀ ਸੋਧੀਆਂ ਅਗਵਾਈ ਲੀਹਾਂ ਦੇ ਲਾਗੂਕਰਨ ਸਬੰਧੀ ਤਾਜਾ ਸਥਿਤੀ |
|---|---|

**11.8.1** ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਦੱਸਿਆ ਗਿਆ ਕਿ ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ), ਭਾਰਤ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਸਬ ਪਲਾਨ ਦੇ ਲਾਗੂਕਰਨ ਸਬੰਧੀ ਮਿਤੀ 18.06.2014 ਨੂੰ ਜਾਰੀ ਕੀਤੀਆਂ ਸੋਧੀਆਂ ਅਗਵਾਈ ਲੀਹਾਂ ਨੂੰ ਲਾਗੂ ਕਰਨ ਸਬੰਧੀ ਸੂਚਨਾ ਮੰਗੀ ਗਈ ਹੈ। ਕਿਉਂਕਿ ਐਸ.ਸੀ.ਐਸ.ਪੀ, ਸਾਲਾਨਾ ਯੋਜਨਾ ਦਾ ਹੀ ਹਿੱਸਾ ਹੈ, ਇਸ ਲਈ ਇਹਨਾਂ ਅਗਵਾਈ ਲੀਹਾਂ ਤੇ ਭਲਾਈ ਵਿਭਾਗ ਵੱਲੋਂ ਯੋਜਨਾਬੰਦੀ ਵਿਭਾਗ ਅਤੇ ਵਿੱਤ ਵਿਭਾਗ ਦੀ ਸਹਿਮਤੀ/ਟਿੱਪਣੀ ਦੀ ਮੰਗ ਕੀਤੀ ਗਈ ਸੀ। ਯੋਜਨਾਬੰਦੀ ਵਿਭਾਗ ਤੋਂ ਟਿੱਪਣੀ ਪ੍ਰਾਪਤ ਹੋ ਗਈ ਹੈ ਅਤੇ ਵਿੱਤ ਵਿਭਾਗ ਤੋਂ ਟਿੱਪਣੀ ਅਜੇ ਪ੍ਰਾਪਤ ਨਹੀਂ ਹੋਈ। ਡਾਇਰੈਕਟਰ-ਕਮ-ਸੰਯੁਕਤ ਸਕੱਤਰ ਵੱਲੋਂ ਵਧੀਕ ਸਕੱਤਰ ਵਿੱਤ ਨੂੰ ਬੇਨਤੀ ਕੀਤੀ ਗਈ ਕਿ ਮੰਗੀ ਗਈ ਟਿੱਪਣੀ ਤੁਰੰਤ ਭਿਜਵਾਈ ਜਾਵੇ ਤਾਂ ਜੋ ਇਹਨਾਂ ਸੋਧੀਆਂ ਅਗਵਾਈ ਲੀਹਾਂ ਤੇ ਅਗਲੇਰੀ ਕਾਰਵਾਈ ਬਿਨਾ ਕਿਸੇ ਹੋਰ ਦੇਰੀ ਤੋਂ ਕੀਤੀ ਜਾ ਸਕੇ।

**11.9 ਹੋਰ ਫੈਸਲੇ**

- ਮਾਨਯੋਗ ਭਲਾਈ ਮੰਤਰੀ ਜੀ ਵੱਲੋਂ ਦੱਸਿਆ ਗਿਆ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਵਜੀਫੇ ਅਤੇ ਸ਼ਗਨ ਸਕੀਮ

ਅਧੀਨ ਫੰਡ ਇੱਕ ਮਹੀਨਾ ਐਡਵਾਂਸ ਭਲਾਈ ਵਿਭਾਗ ਨੂੰ ਦੇਣ ਦੇ ਆਦੇਸ਼ ਦਿੱਤੇ ਹੋਏ ਹਨ। ਉਹਨਾਂ ਵੱਲੋਂ ਵਧੀਕ ਸਕੱਤਰ ਵਿੱਤ ਨੂੰ ਇਹਨਾਂ ਸਕੀਮਾਂ ਲਈ ਫੰਡ ਐਡਵਾਂਸ ਜਾਰੀ ਕਰਨ ਲਈ ਕਿਹਾ ਗਿਆ। ਵਧੀਕ ਸਕੱਤਰ ਵਿੱਤ ਵੱਲੋਂ ਇਸ ਸਬੰਧ ਵਿੱਚ ਤਜਵੀਜ ਵਿੱਤ ਵਿਭਾਗ ਨੂੰ ਭੇਜਣ ਲਈ ਕਿਹਾ ਗਿਆ ਤਾਂ ਜੋ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

- ਮਾਨਯੋਗ ਭਲਾਈ ਮੰਤਰੀ ਜੀ ਵੱਲੋਂ ਵਧੀਕ ਸਕੱਤਰ ਵਿੱਤ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਅਤੇ ਵਿੱਤ ਵਿਕਾਸ ਨਿਗਮ ਕੋਲ ਸਾਲ 1976 ਤੋਂ ਸੈਕਟਰ-63, ਮੁਹਾਲੀ ਵਿਖੇ ਇੱਕ ਏਕੜ ਦਾ ਪਲਾਟ ਹੈ, ਜਿਸ ਦੀ ਅੱਜ ਦੇ ਸਮੇਂ ਵਿੱਚ ਕੀਮਤ ਲੱਗਭੱਗ 20 ਕਰੋੜ ਰੁਪਏ ਹੈ। ਇਸ ਪਲਾਟ ਤੇ ਭਲਾਈ ਭਵਨ ਦੀ ਉਸਾਰੀ ਕਰਨ ਦੀ ਤਜਵੀਜ ਹੈ, ਜਿਸ ਵਿੱਚ ਚੰਡੀਗੜ੍ਹ ਅਤੇ ਮੁਹਾਲੀ ਵਿਖੇ ਸਥਿਤ ਵਿਭਾਗ ਦੇ ਡਾਇਰੈਕਟੋਰੇਟਾਂ/ਅਦਾਰਿਆਂ ਦੇ ਦਫਤਰਾਂ ਨੂੰ ਇੱਕ ਛੱਤ ਹੇਠ ਲਿਆਂਦਾ ਜਾਵੇਗਾ ਤਾਂ ਜੋ ਆਮ ਜਨਤਾ ਨੂੰ ਵੱਖ-ਵੱਖ ਥਾਵਾਂ ਤੇ ਸਥਿਤ ਦਫ਼ਤਰਾਂ ਵਿੱਚ ਪਹੁੰਚ ਕਰਨ ਸਬੰਧੀ ਮੁਸਕਿਲਾਂ ਤੋਂ ਬਚਾਇਆ ਜਾ ਸਕੇ ਅਤੇ ਪ੍ਰਾਈਵੇਟ ਇਮਾਰਤਾਂ ਵਿੱਚ ਚੱਲ ਰਹੇ ਅਜਿਹੇ ਦਫਤਰਾਂ ਦੇ ਲੱਖਾਂ ਰੁਪਏ ਦੇ ਕਿਰਾਏ ਦਾ ਵਿੱਤੀ ਬੋਝ ਘਟਾਇਆ ਜਾ ਸਕੇ। ਉਹਨਾ ਵਧੀਕ ਸਕੱਤਰ ਵਿੱਤ ਨੂੰ ਇਸ ਸਬੰਧੀ ਸਾਲ 2015-16 ਦੌਰਾਨ ਰੱਖੇ ਗਏ 1.00 ਕਰੋੜ ਦੇ ਉਪਬੰਧ ਨੂੰ ਜਾਰੀ ਕਰਨ ਲਈ ਕਿਹਾ ਗਿਆ।

- ਸਕੱਤਰ ਭਲਾਈ ਜੀ ਵੱਲੋਂ ਵਧੀਕ ਸਕੱਤਰ ਵਿੱਤ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਭਲਾਈ ਵਿਭਾਗ ਵੱਲੋਂ ਵੱਖ-ਵੱਖਂ ਜਿਲਿਆਂ ਵਿੱਚ ਉਸਾਰੇ ਗਏ ਡਾ: ਬੀ.ਆਰ.ਅੰਬੇਦਕਰ ਭਵਨਾਂ ਦੀ ਵਪਾਰਕ ਵਰਤੋਂ ਕਰਨ ਦੀ ਤਜਵੀਜ ਹੈ ਤਾਂ ਜੋ ਪ੍ਰਾਪਤ ਰਾਸ਼ੀ ਇਹਨਾਂ ਭਵਨਾਂ ਦੇ ਰੱਖ-ਰਖਾਵ ਲਈ ਵਰਤੀ ਜਾ ਸਕੇ ਅਤੇ ਸਰਕਾਰ ਤੇ ਇਹਨਾਂ ਖਰਚਿਆਂ ਦਾ ਬੋਝ ਘਟਾਇਆ ਜਾ ਸਕੇ। ਵਧੀਕ ਸਕੱਤਰ ਵਿੱਤਂ ਵੱਲੋਂ ਇਸ ਸਬੰਧੀ ਤਜਵੀਜ ਵਿੱਤ ਵਿਭਾਗ ਨੂੰ ਭੇਜਣ ਲਈ ਕਿਹਾ ਗਿਆ।

ਮੀਟਿੰਗ ਪ੍ਰਧਾਨ ਜੀ ਨੂੰ ਧੰਨਵਾਦ ਕਹਿਣ ਉਪਰੰਤ ਸਮਾਪਤ ਹੋਈ।

*******

ਅਨੁਲੱਗ-ੳ

## ਮਿਤੀ 12.5.2015 ਨੂੰ ਰਾਜ ਪੱਧਰੀ ਤਿੰਨ ਧਿਰੀ ਕਮੇਟੀ ਦੀ ਮੀਟਿੰਗ ਵਿੱਚ ਹਾਜਰ ਅਧਿਕਾਰੀਆਂ ਦਾ ਵੇਰਵਾ

1. ਸ਼੍ਰੀਮਤੀ ਸੀਮਾ ਜੈਨ, ਆਈ.ਏ.ਐਸ.,
   ਸਕੱਤਰ, ਭਲਾਈ ਵਿਭਾਗ ।

2. ਸ੍ਰੀਮਤੀ ਅਲਕ ਨੰਦਾ ਦਿਆਲ, ਆਈ.ਏ.ਐਸ.
   ਡਾਇਰੈਕਟਰ, ਭਲਾਈ ਵਿਭਾਗ।

3. ਸ੍ਰੀਮਤੀ ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ.
   ਵਿਸ਼ੇਸ਼ ਸਕੱਤਰ, ਪ੍ਰਸੋਨਲ,
   (ਨੁਮਾਇੰਦਾ ਮੁੱਖ ਸਕੱਤਰ, ਪੰਜਾਬ)

4. ਸ੍ਰੀ ਪਰਵੀਨ ਕੁਮਾਰ ਥਿੰਦ, ਆਈ.ਏ.ਐਸ.,
   ਵਧੀਕ ਸਕੱਤਰ, ਯੋਜਨਾ-ਕਮ-ਵਿੱਤ,
   (ਨੁਮਾਇੰਦਾ ਪ੍ਰਮੁੱਖ ਸਕੱਤਰ ਵਿੱਤ ਅਤੇ ਸਕੱਤਰ ਯੋਜ਼ਨਾ)

5. ਸ੍ਰੀ ਰਾਜ ਕੁਮਾਰ ਸ਼ਨੈਨਾ,
   ਡਾਇਰੈਕਟਰ,
   ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲਡ ਕਾਸਟਸ, ਚੰਡੀਗੜ੍ਹ।

6. ਸ਼੍ਰੀ ਚਮਨ ਲਾਲ ਵਾਸਨ,
   ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ,
   ਭਲਾਈ ਵਿਭਾਗ ।